Haringey NHS
Teaching Primary Care Trust

Barnet, Enfield and Haringey NHS
Mental Health NHS Trust

HARINGEY COUNCIL

www.haringey.gov.uk

# ਬਿਨਾਂ ਤਨਖਾਹ ਸੰਭਾਲਣ ਵਾਲੇ (ਕੇਅਰਰਸ) – ਸੰਭਾਲਣ ਵਾਲਿਆਂ ਦਾ ਮੁਲਾਂਕਣ

## ਹੈਰਿੰਗਏ ਵਿੱਚ ਸੰਭਾਲਣ ਵਾਲਿਆਂ ਦੀ ਸੰਭਾਲ

### ਸੰਭਾਲਣ ਵਾਲਿਆਂ ਲਈ ਵੀ ਹੱਕ ਹਨ!

ਜੇ ਤੁਸੀਂ ਬਿਨਾਂ ਤਨਖਾਹ ਲਏ ਸੰਭਾਲਣ ਵਾਲੇ ਹੋ ਜੋ ਕਿ ਆਪਣੇ ਸਾਥੀ, ਪਰੀਵਾਰ ਦੇ ਮੈਂਬਰ ਜਾਂ ਕਿਸੇ ਦੋਸਤ ਦੀ ਦੇਖ ਭਾਲ ਕਰਦੇ ਹੋ ਜੋ ਕਿ ਤੁਹਾਡੇ ਬਿਨਾਂ ਗੁਜ਼ਾਰਾ ਨਹੀਂ ਕਰ ਸਕਦੇ, ਤੁਹਾਨੂੰ ਸੰਭਾਲਣ ਵਾਲਿਆਂ ਦੇ ਮੁਲਾਂਕਣ (ਕੇਅਰਰ ਅਸੈਸਮੈਂਟ) ਦਾ ਹੱਕ ਹੈ।

ਇੱਕ ਨਵਾਂ ਕਾਨੂੰਨ–**ਕੇਅਰਰ ਇਕੁਅਲ ਅਪਰੋਚੁਨਿਟੀ ਐਕਟ** – ਸੰਭਾਲਣ ਵਾਲਿਆਂ ਲਈ ਵਧੇਰੇ ਚੋਣਾਂ ਅਤੇ ਵਧੀਆ ਮੌਕੇ ਤਲਾਸ਼ ਕਰਦਾ ਹੈ।

ਜਿਸ ਇਨਸਾਨ ਦੀ ਤੁਸੀਂ ਸੰਭਾਲ ਕਰ ਰਹੇ ਹੋ ਤੁਹਾਨੂੰ ਉਸ ਨਾਲ ਰਹਿਣ ਦੀ ਜ਼ਰੂਰਤ ਨਹੀਂ ਹੈ, ਅਤੇ ਤੁਹਾਨੂੰ ਮੁਲਾਂਕਣ ਦਾ ਹੱਕ ਹੈ ਚਾਹੇ ਉਹ ਸੋਸ਼ਲ ਸਰਵਿਸ ਪਾਸੋਂ ਮੱਦਦ ਨਾ ਲੈਣਾ ਚਾਹੁੰਦੇ ਹੋਣ।

ਸੰਭਾਲਣ ਵਾਲੇ ਸਾਰੀਆਂ ਉਮਰਾਂ ਦੇ ਹਨ। ਇੱਕ ਸੰਭਾਲਣ ਵਾਲਾ ਹੋ ਸਕਦਾ ਹੈ:
- ਇੱਕ ਬਾਲਗ ਦੂਸਰੇ ਬਾਲਗ ਦੀ ਦੇਖ ਭਾਲ ਕਰ ਰਿਹਾ ਹੈ
- ਇੱਕ ਬਾਲਗ ਇੱਕ ਅਸਮਰੱਥ ਬੱਚੇ ਦੀ ਦੇਖ ਭਾਲ ਕਰ ਰਿਹਾ ਹੈ
- ਇੱਕ 18 ਸਾਲ ਦੀ ਉਮਰ ਤੋਂ ਘੱਟ ਯੁਵਕ ਇਨਸਾਨ ਜੋ ਆਪਣੇ ਮਾਂ ਜਾਂ ਬਾਪ ਦੇਖ ਭਾਲ ਕਰ ਰਿਹਾ ਹੈ

### ਤੁਹਾਨੂੰ ਮੁਲਾਂਕਣ ਦੀ ਕਿਉਂ ਜ਼ਰੂਰਤ ਹੈ

ਇੱਕ ਮੁਲਾਂਕਣ ਤੁਹਾਨੂੰ ਸੰਭਾਲ ਕਰਨ ਅਤੇ ਤੁਹਾਡੀ ਆਪਣੀ ਸਿਹਤ ਅਤੇ ਤੰਦਰੁਸਤੀ ਕਾਇਮ ਰੱਖਣ ਲਈ ਲਈ ਕਿਸੇ ਵੀ ਮੱਦਦ ਬਾਰੇ ਗੱਲ ਬਾਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਵਿਚਾਰ ਵਟਾਂਦਰਾ ਆਮ ਕਰਕੇ ਸੋਸ਼ਲ ਸਰਵਿਸ ਵਲੋਂ ਕਿਸੇ ਨਾਲ ਜਾਂ ਸਿਹਤ ਕਰਮਚਾਰੀ ਜਾਂ ਹੋਰ ਮੰਨਜ਼ੂਰ ਸ਼ੁਦਾ ਕੇਅਰਰ ਅਸੈਸਰ ਨਾਲ ਹੁੰਦਾ ਹੈ।

ਸੋਸ਼ਲ ਸਰਵਿਸਸ ਵਾਲੇ ਇਸ ਮੁਲਾਂਕਣ ਨੂੰ ਵਰਤ ਕੇ, ਜਿਹੜੀ ਮੱਦਦ ਜਾਂ ਸਹਾਇਤਾ ਦੇਣੀ ਹੋਵੇ, ਫੈਸਲਾ ਕਰਨਗੇ।

## ਮੁਲਾਂਕਣ ਵਿੱਚ ਕੀ ਹੁੰਦਾ ਹੈ?

ਤੁਹਾਡੀਆਂ ਲੋੜਾਂ ਦਾ ਮੁਲਾਂਕਣ ਆਮਤੌਰ ਤੇ ਆਹਮਣੇ ਸਾਹਮਣੇ ਮੀਟਿੰਗ ਵਿੱਚ ਹੁੰਦਾ ਹੈ, ਕਦੀ ਕਦੀ, ਜੇ ਤੁਸੀਂ ਦੋਨੋਂ ਰਾਜ਼ੀ ਹੋਵੋ ਤਾਂ, ਉਸੇ ਸਮੇਂ ਜਦੋਂ ਜਿਸ ਇਨਸਾਨ ਦੀ ਤੁਸੀਂ ਸੰਭਾਲ ਕਰ ਰਹੇ ਹੋ ਉਸ ਦਾ ਕਮਿਉਨਿਟੀ ਕੇਅਰ ਮੁਲਾਂਕਣ ਹੋਵੇ।

ਨਹੀਂ ਤਾਂ ਤੁਸੀਂ ਕਿਸੇ ਹੋਰ ਸਮੇਂ ਮੁਲਾਂਕਣ ਲਈ ਕਹਿ ਸਕਦੇ ਹੋ।

ਤੁਸੀਂ ਆਪਣੇ ਕਿਸੇ ਦੋਸਤ ਜਾਂ ਵਕੀਲ ਨੂੰ ਨਾਲ ਲਿਆ ਸਕਦੇ ਹੋ ਜੋ ਤੁਹਾਡੀਆਂ ਜ਼ਰੂਰਤਾਂ ਦੱਸਣ ਲਈ ਮੱਦਦ ਕਰ ਸਕੇ।

## ਅਸੀਂ ਇਹ ਸਵਾਲ ਤੁਹਾਨੂੰ ਪੁੱਛਾਂਗੇ

- ਸੰਭਾਲਣ ਵਾਲੇ ਹੋਣ ਕਰਕੇ ਤੁਸੀਂ ਕਿਹੜੇ ਕੰਮ ਕਰਦੇ ਹੋ?
- ਕੀ ਤੁਸੀਂ ਇਸ ਦੇ ਯੋਗ ਹੋ ਅਤੇ ਸੰਭਾਲ ਕਰਦੇ ਰਹਿਣਾ ਚਾਹੁੰਦੇ ਹੋ?
- ਕੀ ਤੁਸੀਂ ਕੰਮ ਕਰਦੇ ਹੋ, ਜਾਂ ਕਰਨਾਂ ਚਾਹੁੰਦੇ ਹੋ?
- ਕੀ ਤੁਸੀਂ ਕੋਈ ਸਿਖਲਾਈ ਜਾਂ ਬਾਲਗ ਵਿਦਿਆ ਲੈਣਾ ਚਾਹੁੰਦੇ ਹੋ?
- ਤੁਹਾਡੀਆਂ ਵਿਹਲੇ ਸਮੇਂ ਲਈ ਕੋਈ ਰੁਚੀਆਂ ਹਨ ਜੋ ਹੁਣ ਤੁਸੀਂ ਸੰਭਾਲ ਕਰਨ ਕਰਕੇ ਨਾ ਕਰ ਸਕਦੇ ਹੋਵੋ?

ਸੋਸ਼ਲ ਸਰਵਿਸਸ ਤੁਹਾਨੂੰ ਸਿੱਧੀ ਮੱਦਦ ਅਤੇ ਸਹਾਰਾ ਦੇ ਸਕਦੇ ਹਨ ਜਾਂ ਜਿਸ ਇਨਸਾਨ ਦੀ ਤੁਸੀਂ ਸੰਭਾਲ ਕਰਦੇ ਹੋ ਉਸਨੂੰ ਸਿੱਧੀ ਮੱਦਦ ਦੇ ਸਕਦੇ ਹਨ।

## ਤੁਹਾਨੂੰ ਕੀ ਕਰਨ ਦੀ ਜ਼ਰੂਰਤ ਹੈ

ਆਪਣੀਆਂ ਲੋੜਾਂ ਬਾਰੇ ਸੋਚੋ ਅਤੇ ਕਿਸ ਕਿਸਮ ਦੀ ਸੰਭਾਲ ਤੁਸੀਂ ਕਰ ਸਕਦੇ ਹੋ ਇਸ ਬਾਰੇ ਸਪਸ਼ਟ ਹੋਣ ਦੀ ਕੋਸ਼ਿਸ਼ ਕਰੋ।

## ਮੁਲਾਂਕਣ ਤੋਂ ਬਾਅਦ

ਤੁਹਾਨੂੰ ਮੁਲਾਂਕਣ ਅਤੇ ਮੱਦਦ ਯੋਜਨਾ, ਜੋ ਤੁਸੀ ਅਤੇ ਅਸੈਸਰ ਨੇ ਪ੍ਰਵਾਨ ਕੀਤੀ ਸੀ, ਦੀ ਕਾਪੀ ਮਿਲੇਗੀ। ਜੇ ਤੁਸੀ ਕਿਸੇ ਸੇਵਾ ਲਈ ਦਰਖਾਸਤ ਕੀਤੀ ਹੋਵੇ ਤਾਂ ਉਸ ਦੇ ਫੰਡ ਲਈ ਮਿਲੀ ਪ੍ਰਵਾਨਗੀ ਦੀ ਪੁਸ਼ਟੀ ਵੀ ਮਿਲੇਗੀ।

ਅਸੀਂ ਇਸ ਗੱਲ ਨੂੰ ਪੱਕਾ ਕਰਾਂਗੇ ਕਿ ਤੁਹਾਡੇ ਕੋਲ ਇਹ ਜਾਣਕਾਰੀ ਹੋਵੇ:

- ਹੁਣ ਅੱਗੋਂ ਕੀ ਹੋਣਾ ਹੈ

• ਮੱਦਦ ਲਈ ਕਿਸ ਨਾਲ ਸੰਪਰਕ ਕਰਨਾ ਹੈ
• ਤਰੀਕ ਜਦੋਂ ਅਸੀਂ, ਤੁਹਾਡੀਆਂ ਜ਼ਰੂਰਤਾਂ ਅਤੇ ਜਿਹੜੀ ਮੱਦਦ ਦਿੱਤੀ ਜਾ ਰਹੀ ਹੈ ਯਕੀਨਨ ਠੀਕ ਕੰਮ ਕਰ ਰਹੀ ਹੈ, ਦੀ ਸਮੀਖਿਆ ਕਰਾਂਗੇ।

ਜੇ ਤੁਸੀਂ ਮੁਲਾਂਕਣ ਦੇ ਨਤੀਜੇ ਨਾਲ ਸੰਤੁਸ਼ਟ ਨਹੀਂ ਤਾਂ ਤੁਸੀਂ ਇਸ ਫੈਸਲੇ ਨੂੰ ਚਨੌਤੀ ਦੇ ਸਕਦੇ ਹੋ ਜਾਂ ਸ਼ਕਾਇਤ ਕਰ ਸਕਦੇ ਹੋ।

## ਮੁਲਾਂਕਣ ਲਈ ਕਿਸ ਤਰ੍ਹਾਂ ਬੇਨਤੀ ਕਰਨੀ ਹੈ

ਜਿਸ ਇਨਸਾਨ ਦੀ ਤੁਸੀਂ ਸੰਭਾਲ ਕਰ ਰਹੇ ਹੋ ਉਸ ਬਾਰੇ ਕੇਅਰ ਮੈਨੈਜਰ ਜਾਂ ਕੇਅਰ ਅਫਸਰ ਨੂੰ ਦੱਸੋ। ਜੇ ਤੁਸੀਂ ਸੋਸ਼ਲ ਸਰਵਿਸ ਵਿੱਚੋਂ ਕਿਸੇ ਨਾਲ ਸੰਬੰਧ ਨਹੀਂ ਰੱਖਦੇ ਤਾਂ ਸੰਪਰਕ ਕਰੋ:

Carers Support Team
Haringey Social Services
40 Cumberland Road
London N22 7SG

Tel: 020 8489 3967

Email: carerssupportteam@haringey.gov.uk